# ਤਾਜ਼ਾ ਜਾਣਕਾਰੀ

ਹੁਣ ਤੁਸੀਂ *onlineservices.cdtfa.ca.gov/_/*’ਤੇ ਜਾਕੇ CDTFA ਦੀਆਂ ਔਨਲਾਈਨ ਸੇਵਾਵਾਂ ਦੀ ਵਰਤੋਂ ਕਰਕੇ ਭੁਗਤਾਨ-ਵਾਪਸੀ ਲਈ ਦਾਅਵਾ ਦਾਇਰ ਕਰ ਸਕਦੇ ਹੋ। ਭੁਗਤਾਨ-ਵਾਪਸੀ ਵਾਸਤੇ ਦਾਅਵਾ ਸੌਂਪਣ ਲਈ, ਬੱਸ ਆਪਣੇ ਵਰਤੋਂਕਾਰ-ਨਾਮ ਅਤੇ ਪਾਸਵਰਡ ਦੇ ਨਾਲ ਲੌਗਇਨ ਕਰੋ ਅਤੇ ਉਸ ਖਾਤੇ ਉੱਤੇ ਕਲਿੱਕ ਕਰੋ ਜਿਸ ਵਾਸਤੇ ਤੁਸੀਂ ਭੁਗਤਾਨ-ਵਾਪਸੀ ਦੀ ਬੇਨਤੀ ਕਰਨੀ ਚਾਹੁੰਦੇ ਹੋ। ਭੁਗਤਾਨ-ਵਾਪਸੀ ਵਾਸਤੇ ਦਾਅਵਾ *ਮੈਂ ਇਹ ਕਰਨਾ ਚਾਹੁੰਦਾ/ਦੀ ਹਾਂ ਸੈਕਸ਼ਨ, ਹੋਰ ਉਪ-ਸੈਕਸ਼ਨ ਤਹਿਤ ਸਥਿਤ ਹੈ।* ਬੱਸ ਭੁਗਤਾਨ-ਵਾਪਸੀ ਵਾਸਤੇ ਦਾਅਵਾ ਸੌਂਪੋ ਲਿੰਕ ਦੀ ਚੋਣ ਕਰੋ ਅਤੇ ਨਿਰਦੇਸ਼ਾਂ ਦੀ ਪਾਲਣਾ ਕਰੋ।

CDTFA-101-PI (FRONT) REV. 18 (9-19)

**ਭੁਗਤਾਨ-ਵਾਪਸੀ ਜਾਂ ਕ੍ਰੈਡਿਟ ਵਾਸਤੇ ਦਾਅਵਾ**

ਕੈਲੀਫੋਰਨੀਆ ਪ੍ਰਾਂਤ
ਕੈਲੀਫੋਰਨੀਆ ਡਿਪਾਰਟਮੈਂਟ ਆਫ ਟੈਕਸ ਐਂਡ ਫੀ ਐਡਮਿਨਿਸਟ੍ਰੇਸ਼ਨ

*(ਹਿਦਾਇਤਾਂ ਪਿਛਲੇ ਪਾਸੇ ਹਨ)*

| | |
|---|---|
| ਟੈਕਸਦਾਤਾ(ਵਾਂ) ਜਾਂ ਫੀਸ ਦੇਣ ਵਾਲੇ(ਵਾਲਿਆਂ) ਦਾ ਨਾਮ | CDTFA ਖਾਤਾ ਨੰਬਰ *(ਪ੍ਰਤੀ ਦਾਅਵਾ ਸਿਰਫ਼ ਇੱਕ ਖਾਤਾ ਨੰਬਰ ਹੀ ਦਿਓ)* |
| ਸੋਸ਼ਲ ਸਕਿਉਰਟੀ ਨੰਬਰ* ਜਾਂ ਫੈਡਰਲ ਇਮਪਲੋਇਅਰ ਆਈਡੈਂਟੀਫਿਕੇਸ਼ਨ ਨੰਬਰ | ਜਨਰਲ ਪਾਰਟਨਰ *(ਜੇ ਲਾਗੂ ਹੁੰਦਾ ਹੈ)* |
| ਕਾਰੋਬਾਰ ਦਾ ਨਾਮ *(ਜੇਕਰ ਲਾਗੂ ਹੁੰਦਾ ਹੈ)* | ਕਾਰੋਬਾਰ ਦੇ ਟਿਕਾਣੇ ਦਾ ਪਤਾ *(ਜੇਕਰ ਲਾਗੂ ਹੁੰਦਾ ਹੈ)* |
| ਡਾਕ ਪਤਾ *(ਜੇ ਲਾਗੂ ਹੁੰਦਾ ਹੈ)* | |

ਕਿਰਪਾ ਕਰਕੇ ਉਸ ਟੈਕਸ ਜਾਂ ਫੀਸ ਪ੍ਰੋਗਰਾਮ ਦੀ ਚੋਣ ਕਰੋ ਜੋ ਭੁਗਤਾਨ-ਵਾਪਸੀ ਜਾਂ ਕ੍ਰੈਡਿਟ ਵਾਸਤੇ ਤੁਹਾਡੇ ਦਾਅਵੇ 'ਤੇ ਲਾਗੂ ਹੁੰਦਾ ਹੈ।

- ☐ ਵਿਕਰੀਆਂ ਅਤੇ ਉਪਯੋਗ ਟੈਕਸ
- ☐ ਇਮਾਰਤੀ ਲੱਕੜੀ ਦਾ ਮੁਲਾਂਕਣ
- ☐ ਪ੍ਰੀ-ਪੇਡ ਮੋਬਾਈਲ ਟੈਲੀਫ਼ੋਨੀ ਸਰਵਿਸਜ਼ (MTS) ਸਰਚਾਰਜ

ਕਿਸੇ ਵਾਹਨ ਜਾਂ ਗੈਰ-ਦਸਤਾਵੇਜ਼ੀ ਸਮੁੰਦਰੀ ਵਾਹਨ (vessel) ਦੇ ਕਿਸੇ ਖ਼ਰੀਦਦਾਰ ਵੱਲੋਂ ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ (DMV) ਨੂੰ ਉਪਯੋਗ ਟੈਕਸ ਦੇ ਵੱਧ ਕੀਤੇ ਭੁਗਤਾਨਾਂ ਵਾਸਤੇ, ਕਿਰਪਾ ਕਰਕੇ CDTFA-101-DMV, *DMV ਨੂੰ ਅਦਾ ਕੀਤੇ ਟੈਕਸ ਵਾਸਤੇ ਭੁਗਤਾਨ-ਵਾਪਸੀ ਜਾਂ ਕ੍ਰੈਡਿਟ ਵਾਸਤੇ ਦਾਅਵਾ* ਫ਼ਾਰਮ ਭਰੋ।

**ਉਪਰੋਕਤ ਟੈਕਸ/ਫੀਸ ਪ੍ਰੋਗਰਾਮਾਂ ਵਾਸਤੇ, ਆਪਣੇ ਭਰੇ ਹੋਏ ਫਾਰਮ ਨੂੰ ਇਸ ਪਤੇ 'ਤੇ ਭੇਜੋ:**
California Department of
Tax and Fee Administration
Audit Determination and
Refund Section, MIC:39
PO Box 942879
Sacramento, CA 94279-0039

**ਜਾਂ ਇਸ ਪਤੇ 'ਤੇ ਈਮੇਲ ਕਰੋ:**
*BTFD-ADRS@cdtfa.ca.gov*

- ☐ ਅਲਕੋਹਲ-ਯੁਕਤ ਪੀਣ-ਪਦਾਰਥ ਟੈਕਸ
- ☐ ਕੈਲੀਫੋਰਨੀਆ ਟਾਇਰ ਫੀਸ
- ☐ ਕੈਨਾਬਿਸ ਟੈਕਸ
- ☐ ਬਚਪਨ ਵਿੱਚ ਸਿੱਕੇ ਦੇ ਜ਼ਹਿਰੀਲੇਪਣ ਦੀ ਰੋਕਥਾਮ ਸੰਬੰਧੀ ਫੀਸ
- ☐ ਸਿਗਰਟ ਅਤੇ ਤੰਬਾਕੂ ਉਤਪਾਦ ਟੈਕਸ
- ☐ ਕਵਰਡ ਇਲੈਕਟ੍ਰਾਨਿਕ ਕਚਰਾ ਨਵਿਆਉਣ ਫੀਸ
- ☐ ਡੀਜ਼ਲ ਈਂਧਨ ਟੈਕਸ
- ☐ ਸੰਕਟਕਾਲੀ ਟੈਲੀਫ਼ੋਨ ਵਰਤੋਂਕਾਰਾਂ ਦਾ ਸਰਚਾਰਜ
- ☐ ਊਰਜਾ ਸਰੋਤ (ਬਿਜਲਈ) ਸਰਚਾਰਜ

**ਉਪਰੋਕਤ ਟੈਕਸ/ਫੀਸ ਪ੍ਰੋਗਰਾਮਾਂ ਵਾਸਤੇ, ਆਪਣੇ ਭਰੇ ਹੋਏ ਫਾਰਮ ਨੂੰ ਇਸ ਪਤੇ 'ਤੇ ਭੇਜੋ:**
California Department of
Tax and Fee Administration
Appeals and Data Analysis Branch, MIC:33
PO Box 942879
Sacramento, CA 94279-0033

**ਜਾਂ ਇਸ ਪਤੇ 'ਤੇ ਈਮੇਲ ਕਰੋ:** *adab@cdtfa.ca.gov*

- ☐ ਅੱਗ ਤੋਂ ਰੋਕਥਾਮ ਸੰਬੰਧੀ ਫੀਸ
- ☐ ਖਤਰਨਾਕ ਪਦਾਰਥਾਂ ਸੰਬੰਧੀ ਟੈਕਸ
- ☐ ਏਕੀਕਿਰਤ ਕਚਰਾ ਪ੍ਰਬੰਧਨ ਫੀਸ
- ☐ ਲੈੱਡ-ਐਸਿਡ ਬੈਟਰੀ ਫੀਸ
- ☐ ਸਮੁੰਦਰੀ ਧਾਵਕ ਪ੍ਰਜਾਤੀਆਂ ਫੀਸ
- ☐ ਮੋਟਰ ਵਾਹਨ ਅਤੇ ਜੈੱਟ ਈਂਧਨ ਟੈਕਸ
- ☐ ਕੁਦਰਤੀ ਗੈਸ ਸਰਚਾਰਜ
- ☐ ਕਿੱਤੇ ਨਾਲ ਸੰਬੰਧਿਤ ਸਿੱਕੇ ਦੇ ਜ਼ਹਿਰੀਲੇਪਣ ਦੀ ਰੋਕਥਾਮ ਸੰਬੰਧੀ ਫੀਸ
- ☐ ਤੇਲ ਦੀ ਡੁੱਲ੍ਹ-ਵਲੀਟ ਵਾਸਤੇ ਪ੍ਰਤੀਕਿਰਿਆ, ਰੋਕਥਾਮ ਅਤੇ ਪ੍ਰਸ਼ਾਸਨ ਫੀਸ
- ☐ ਖੇਤਰੀ ਰੇਲ-ਸੜਕ ਹਾਦਸਾ ਤਿਆਰੀ ਅਤੇ ਤੁਰੰਤ ਪ੍ਰਤੀਕਿਰਿਆ ਫੀਸ
- ☐ ਬੀਮਾ ਕੰਪਨੀਆਂ ਉੱਤੇ ਟੈਕਸ
- ☐ ਟਿੰਬਰ ਯੀਲਡ ਟੈਕਸ
- ☐ ਅੰਡਰਗ੍ਰਾਊਂਡ ਸਟੋਰੇਜ ਟੈਂਕ ਸਾਂਭ-ਸੰਭਾਲ ਫੀਸ
- ☐ ਉਪਯੋਗ ਈਂਧਨ ਟੈਕਸ
- ☐ ਪਾਣੀ ਸੰਬੰਧੀ ਅਧਿਕਾਰ ਫੀਸ

ਨਿਮਨਹਸਤਾਖਰੀ, ਨਿਮਨਲਿਖਤ ਦੇ ਸੰਬੰਧ ਵਿੱਚ ਭੁਗਤਾਨ-ਵਾਪਸੀ ਜਾਂ ਕ੍ਰੈਡਿਟ ਵਾਸਤੇ $ ____________, ਦੀ ਰਕਮ, ਜਾਂ ਟੈਕਸ, ਵਿਆਜ਼, ਅਤੇ ਜੁਰਮਾਨੇ ਵਜੋਂ ਸਥਾਪਤ ਕੀਤੀਆਂ ਜਾ ਸਕਦੀਆਂ ਕਿਸੇ ਹੋਰ ਰਕਮਾਂ, ਲਈ ਦਾਅਵਾ ਪੇਸ਼ ਕਰਦਾ/ਦੀ ਹੈ:

- ☐ ਰਿਟਰਨ(ਨਾਂ) ਇਸ ਮਿਆਦ ਲਈ ਦਾਇਰ ਕੀਤੀਆਂ ਗਈਆਂ ____________ ਤੋਂ ਲੈਕੇ ____________
- ☐ ਨਿਰਣਾ(ਣੇ)/ਬਿਲਿੰਗ(ਗਾਂ) ਦੀ ਤਾਰੀਖ਼ ____________ ਅਤੇ ਭੁਗਤਾਨ ਕੀਤਾ ਗਿਆ ____________
- ☐ ਹੋਰ *(ਸੰਪੂਰਨ ਵਰਣਨ ਕਰੋ)*: ____________

ਭੁਗਤਾਨ-ਵਾਪਸੀ ਲਈ ਆਧਾਰ *(ਲੋੜੀਂਦਾ)*: ____________

ਸਮਰਥਨਕਾਰੀ ਦਸਤਾਵੇਜ਼, ਜਿਸ ਵਿੱਚ ਸੋਧੀ(ਆਂ) ਰਿਟਰਨ(ਨਾਂ) ਵੀ ਸ਼ਾਮਲ ਹਨ: ☐ ਨਾਲ ਨੱਥੀ ਹੈ ☐ ਬੇਨਤੀ ਕਰਨ 'ਤੇ ਪ੍ਰਦਾਨ ਕੀਤੇ ਜਾਣਗੇ

| | | | |
|---|---|---|---|
| ਦਸਤਖ਼ਤ | | ਦਸਤਖ਼ਤ ਕੀਤੇ ਜਾਣ ਦੀ ਤਾਰੀਖ਼ | |
| ਸਾਫ਼-ਸਾਫ਼ ਨਾਮ ਲਿਖੋ | | ਸੰਪਰਕ ਵਿਅਕਤੀ *(ਜੇ ਹਸਤਾਖਰ ਕਰਨ ਵਾਲੇ ਤੋਂ ਬਿਨਾਂ ਕੋਈ ਹੋਰ ਹੈ)* | |
| ਸਿਰਲੇਖ ਜਾਂ ਅਹੁਦਾ | ਟੈਲੀਫ਼ੋਨ ਨੰਬਰ ( ) | ਸੰਪਰਕ ਵਿਅਕਤੀ ਦਾ ਸਿਰਲੇਖ ਜਾਂ ਅਹੁਦਾ | ਟੈਲੀਫ਼ੋਨ ਨੰਬਰ ( ) |
| ਈਮੇਲ ਪਤਾ | | ਸੰਪਰਕ ਵਿਅਕਤੀ ਦੀ ਈਮੇਲ | |

*ਦੇਖੋ CDTFA-324-GEN, *ਪਰਦੇਦਾਰੀ ਦਾ ਨੋਟਿਸ*, ਜੋ ਲਾਗੂ ਹੋਣ ਵਾਲੇ ਸੋਸ਼ਲ ਸਕਿਉਰਟੀ ਨੰਬਰ ਦੇ ਖੁਲਾਸੇ ਨਾਲ ਸੰਬੰਧਿਤ ਹੈ।

# ਭੁਗਤਾਨ-ਵਾਪਸੀ ਲਈ ਦਾਅਵਾ ਭਰਨ ਵਾਸਤੇ ਹਿਦਾਇਤਾਂ

ਭੁਗਤਾਨ-ਵਾਪਸੀ ਜਾਂ ਕ੍ਰੈਡਿਟ ਵਾਸਤੇ ਦਾਅਵਾ ਸੌਂਪਦੇ ਵਕਤ, ਤੁਹਾਡੇ ਲਈ ਦਾਅਵੇ ਵੱਲੋਂ ਕਵਰ ਕੀਤੀ ਜਾਂਦੀ ਸਮਾਂ-ਮਿਆਦ, ਅਤੇ ਵਿਸ਼ੇਸ਼ ਕਾਰਨ ਜਿਨ੍ਹਾਂ 'ਤੇ ਇਹ ਦਾਅਵਾ ਆਧਾਰਿਤ ਹੈ, ਪ੍ਰਦਾਨ ਕਰਵਾਉਣੇ ਲਾਜ਼ਮੀ ਹਨ ਅਤੇ ਤੁਹਾਨੂੰ ਉਹ ਦਸਤਾਵੇਜ਼ ਵੀ ਦੇਣੇ ਚਾਹੀਦੇ ਹਨ ਜੋ ਦਾਅਵੇ ਦਾ ਸਮਰਥਨ ਕਰਦੇ ਹੋਣ। ਦਸਤਾਵੇਜ਼ਾਂ ਵਿੱਚ ਸੋਧੀਆਂ ਹੋਈਆਂ ਰਿਟਰਨਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ, ਇਹ ਕਾਫੀ ਵੇਰਵਿਆਂ ਵਾਲੇ ਹੋਣੇ ਚਾਹੀਦੇ ਹਨ, ਅਤੇ ਇਹਨਾਂ ਨੂੰ ਵੱਧ ਭੁਗਤਾਨ ਕੀਤੇ ਜਾਣ ਦਾ ਸਬੂਤ ਦੇਣਾ ਚਾਹੀਦਾ ਹੈ। ਕਿਰਪਾ ਕਰਕੇ ਭੁਗਤਾਨ-ਵਾਪਸੀ ਜਾਂ ਕ੍ਰੈਡਿਟ ਵਾਸਤੇ ਆਪਣੇ ਦਾਅਵੇ ਦੇ ਨਾਲ ਆਪਣੇ ਦਸਤਾਵੇਜ਼ ਵੀ ਸ਼ਾਮਲ ਕਰੋ ਜਾਂ, ਜੇ ਦਸਤਾਵੇਜ਼ ਬਹੁਤ ਵਿਸਤਰਿਤ ਹਨ, ਤਾਂ ਕਿਰਪਾ ਕਰਕੇ ਬੇਨਤੀ ਕੀਤੇ ਜਾਣ 'ਤੇ ਇਹਨਾਂ ਨੂੰ ਆਸਾਨੀ ਨਾਲ ਉਪਲਬਧ ਰੱਖੋ।

## ਤੁਹਾਨੂੰ ਕੀ ਜਾਣਨ ਦੀ ਲੋੜ ਹੈ

- ਤੁਹਾਡੇ ਦਾਅਵੇ ਨੂੰ ਲਾਜ਼ਮੀ ਤੌਰ 'ਤੇ ਟੈਕਸ/ਫੀਸ ਪ੍ਰੋਗਰਾਮ* ਵਾਸਤੇ ਸੀਮਾਵਾਂ ਦੇ ਵਿਧਾਨ (statute of limitations) ਦੇ ਅੰਦਰ ਦਾਇਰ ਕਰਨਾ ਚਾਹੀਦਾ ਹੈ।
- ਸੀਮਾਵਾਂ ਦੇ ਵਿਧਾਨ ਦੀ ਤਾਮੀਲ ਤੁਹਾਡੇ ਦਾਅਵੇ ਨੂੰ ਦਾਇਰ ਕਰਨ ਦੀ ਤਾਰੀਖ਼ 'ਤੇ ਆਧਾਰਿਤ ਹੁੰਦੀ ਹੈ।
- ਤੁਹਾਡੇ ਦਾਅਵੇ ਨੂੰ ਦਾਇਰ ਕਰਨ ਦੀ ਤਾਰੀਖ਼ ਡਾਕ ਰਾਹੀਂ ਭੇਜਣ ਦੀ ਤਾਰੀਖ਼ (ਡਾਕਘਰ ਦੀ ਮੁਹਰ ਅਨੁਸਾਰ), ਇਲੈਕਟਰਾਨਿਕ ਤਰੀਕੇ ਨਾਲ ਭੇਜਣ ਦੀ ਤਾਰੀਖ਼ (ਜਿੱਥੇ ਲਾਗੂ ਹੁੰਦਾ ਹੋਵੇ), ਜਾਂ ਉਹ ਤਾਰੀਖ਼ ਹੁੰਦੀ ਹੈ ਜਦ ਤੁਸੀਂ ਨਿੱਜੀ ਤੌਰ 'ਤੇ ਆਪਣੇ ਦਾਅਵੇ ਨੂੰ ਸਭ ਤੋਂ ਨੇੜਲੇ ਕੈਲੀਫੋਰਨੀਆ ਡਿਪਾਰਟਮੈਂਟ ਆਫ ਟੈਕਸ ਐਂਡ ਫੀ ਐਡਮਿਨਿਸਟ੍ਰੇਸ਼ਨ (CDTFA) ਦਫਤਰ ਨੂੰ ਸੌਂਪ ਕੇ ਆਉਂਦੇ ਹੋ। ਇਹ ਤਾਰੀਖ਼ ਦਸਤਖਤ ਕਰਨ ਦੀ ਤਾਰੀਖ਼ ਨਾਲੋਂ ਅਲੱਗ ਹੋ ਸਕਦੀ ਹੈ।
- ਤੁਸੀਂ ਪ੍ਰਤੀ ਦਾਅਵਾ ਫ਼ਾਰਮ ਸਿਰਫ਼ ਇੱਕ ਖਾਤਾ ਨੰਬਰ ਹੀ ਦੇ ਸਕਦੇ ਹੋ। ਜੇ ਤੁਸੀਂ ਇੱਕ ਤੋਂ ਵਧੇਰੇ ਟੈਕਸ ਜਾਂ ਫੀਸ ਪ੍ਰੋਗਰਾਮਾਂ ਵਾਸਤੇ ਕਿਸੇ ਭੁਗਤਾਨ-ਵਾਪਸੀ ਦਾ ਦਾਅਵਾ ਕਰ ਰਹੇ ਹੋ, ਤਾਂ ਹਰ ਖਾਤੇ ਵਾਸਤੇ ਇੱਕ ਵੱਖਰੇ ਫ਼ਾਰਮ ਦੀ ਲੋੜ ਹੁੰਦੀ ਹੈ।
- ਜੇ ਤੁਹਾਡਾ ਦਾਅਵਾ ਕਿਸੇ ਅੰਸ਼ਕ ਭੁਗਤਾਨ ਜਾਂ ਕਿਸ਼ਤ ਦੇ ਭੁਗਤਾਨ ਦੀ ਭੁਗਤਾਨ-ਵਾਪਸੀ (refund) ਲਈ ਹੈ, ਤਾਂ ਤੁਹਾਡਾ ਦਾਅਵਾ ਕਿਸੇ ਇੱਕ ਨਿਰਣੇ 'ਤੇ ਲਾਗੂ ਕੀਤੇ ਗਏ ਭਵਿੱਖ ਦੇ ਸਾਰੇ ਭੁਗਤਾਨਾਂ ਨੂੰ ਕਵਰ ਕਰੇਗਾ। (1 ਜਨਵਰੀ, 2017 ਤੋਂ ਪਹਿਲਾਂ, ਹਰ ਅੰਸ਼ਕ ਭੁਗਤਾਨ ਜਾਂ ਕਿਸ਼ਤ ਦੇ ਭੁਗਤਾਨ ਵਾਸਤੇ ਇੱਕ ਵੱਖਰੇ ਦਾਅਵੇ ਦੀ ਲੋੜ ਪੈਂਦੀ ਸੀ।) ਜੇ ਤੁਹਾਨੂੰ ਇੱਕ ਤੋਂ ਵਧੇਰੇ ਨਿਰਣੇ ਦਾ ਨੋਟਿਸ (ਨਿਰਣਾ) ਜਾਰੀ ਕੀਤਾ ਗਿਆ ਹੈ, ਤਾਂ ਤੁਹਾਨੂੰ ਹਰ ਵੱਖਰੇ ਨਿਰਣੇ ਵਾਸਤੇ ਭੁਗਤਾਨ-ਵਾਪਸੀ ਲਈ ਇੱਕ ਦਾਅਵਾ ਦਾਇਰ ਕਰਨ ਦੀ ਲੋੜ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਨਿਰਣੇ ਨਾਲ ਸੰਬੰਧਿਤ ਭਵਿੱਖ ਦੇ ਸਾਰੇ ਭੁਗਤਾਨਾਂ ਨੂੰ ਕਵਰ ਕੀਤਾ ਜਾ ਸਕਦਾ ਹੈ।

## ਤੁਸੀਂ ਆਪਣਾ ਦਾਅਵਾ ਕਿਵੇਂ ਸੌਂਪ ਸਕਦੇ ਹੋ

- ਸਾਡੀ ਵੈੱਬਸਾਈਟ onlineservices.cdtfa.ca.gov/_/'ਤੇ ਆਪਣੇ ਵਰਤੋਂਕਾਰ-ਨਾਮ ਅਤੇ ਪਾਸਵਰਡ ਦੇ ਨਾਲ ਲੌਗਇਨ ਕਰੋ। ਉਸ ਖਾਤੇ 'ਤੇ ਕਲਿੱਕ ਕਰੋ ਜਿਸ ਵਾਸਤੇ ਤੁਸੀਂ ਭੁਗਤਾਨ-ਵਾਪਸੀ ਦੀ ਬੇਨਤੀ ਕਰਨੀ ਚਾਹੁੰਦੇ ਹੋ ਅਤੇ *ਮੈਂ ਇਹ ਕਰਨਾ ਚਾਹੁੰਦਾ/ਦੀ ਹਾਂ ਸੈਕਸ਼ਨ ਤਹਿਤ ਹੋਰ ਲਿੰਕ ਦੀ ਚੋਣ ਕਰੋ. ਫੇਰ ਭੁਗਤਾਨ-ਵਾਪਸੀ ਵਾਸਤੇ ਦਾਅਵਾ ਸੌਂਪੋ* ਲਿੰਕ ਦੀ ਚੋਣ ਕਰੋ ਅਤੇ ਨਿਰਦੇਸ਼ਾਂ ਦੀ ਪਾਲਣਾ ਕਰੋ।
- ਮੂਹਰਲੇ ਪੰਨੇ ਉੱਤੇ ਸੂਚੀਬੱਧ ਉਚਿਤ ਟਿਕਾਣੇ ਨੂੰ ਡਾਕ, ਈਮੇਲ, ਜਾਂ ਫੈਕਸ, ਜੋ ਵੀ ਲਾਗੂ ਹੁੰਦਾ ਹੋਵੇ, ਰਾਹੀਂ ਭੇਜ ਦਿਓ।
- ਕਿਸੇ ਵੀ CDTFA ਦਫਤਰ ਵਿਖੇ ਜਾਕੇ ਹੱਥੀਂ ਜਮ੍ਹਾਂ ਕਰਵਾਓ (CDTFA ਦੇ ਦਫਤਰਾਂ ਦੀ ਸੂਚੀ ਵਾਸਤੇ, ਕਿਰਪਾ ਕਰਕੇ ਸਾਡੀ ਵੈੱਬਸਾਈਟ ਦੇਖੋ *www.cdtfa.ca.gov*).

## ਵਧੇਰੇ ਜਾਣਕਾਰੀ ਵਾਸਤੇ

- ਸਾਡੇ ਗਾਹਕ ਸੇਵਾ ਕੇਂਦਰ ਨੂੰ 1-800-400-7115 (CRS:711) 'ਤੇ ਕਾਲ ਕਰੋ ਤਾਂ ਜੋ ਤੁਹਾਨੂੰ ਤੁਹਾਡੇ ਟੈਕਸ ਜਾਂ ਫੀਸ ਖਾਤੇ ਵਾਸਤੇ ਜ਼ਿੰਮੇਵਾਰ ਵਿਸ਼ੇਸ਼ ਦਫਤਰ ਵਿਖੇ ਭੇਜਿਆ ਜਾ ਸਕੇ।
- ਪ੍ਰਕਾਸ਼ਨਾ 117, *ਭੁਗਤਾਨ-ਵਾਪਸੀ ਵਾਸਤੇ ਦਾਅਵਾ ਦਾਇਰਾ ਕਰਨਾ* ਦੇਖੋ।.
- ਪ੍ਰਕਾਸ਼ਨਾ 17, *ਅਪੀਲਾਂ ਦੀਆਂ ਪ੍ਰਕਿਰਿਆਵਾਂ: ਵਿਕਰੀਆਂ ਅਤੇ ਉਪਯੋਗ ਟੈਕਸ ਅਤੇ ਵਿਸ਼ੇਸ਼ ਟੈਕਸ* ਦੇਖੋ।

## ਦਾਅਵਾ ਫ਼ਾਰਮ ਨੂੰ ਕਿਵੇਂ ਭਰਿਆ ਜਾਵੇ

- **ਟੈਕਸਦਾਤਾ ਜਾਂ ਫੀਸ ਭਰਨ ਵਾਲੇ ਦਾ ਨਾਮ ਅਤੇ ਖਾਤਾ ਨੰਬਰ:** ਉਹ ਨਾਮ ਅਤੇ ਖਾਤਾ ਨੰਬਰ ਦਾਖਲ ਕਰੋ ਜੋ CDTFA ਕੋਲ ਪੰਜੀਕਿਰਤ (registered) ਹਨ। ਉਹਨਾਂ ਦਸਤਾਵੇਜ਼ਾਂ ਉੱਤੇ ਦਿਖਾਏ ਗਏ ਨਾਮ (ਨਾਮਾਂ) ਨੂੰ ਦਾਖਲ ਕਰੋ ਜੋ ਭੁਗਤਾਨ-ਵਾਪਸੀ ਵਾਸਤੇ ਦਾਅਵੇ ਦਾ ਸਮਰਥਨ ਕਰਦੇ ਹਨ ਜੇਕਰ ਦਾਅਵੇਦਾਰ CDTFA ਕੋਲ ਪੰਜੀਕਿਰਤ ਨਹੀਂ ਹੈ।. ਕਾਰੋਬਾਰ ਦੇ ਨਾਮ (dba) ਨੂੰ ਦਾਖਲ ਨਾ ਕਰੋ ਜਦ ਤੱਕ ਕਿ ਇਹ ਉਹੀ ਨਾਮ ਨਹੀਂ ਹੈ ਜੋ CDTFA ਕੋਲ ਪੰਜੀਕਿਰਤ ਹੈ।
- **ਸੋਸ਼ਲ ਸਕਿਊਰਟੀ ਨੰਬਰ/ਫੈਡਰਲ ਇਮਪਲੋਇਅਰ ਆਈਡੈਂਟੀਫਿਕੇਸ਼ਨ ਨੰਬਰ:** ਲਾਗੂ ਹੋਣ ਵਾਲੇ ਸੋਸ਼ਲ ਸਕਿਊਰਟੀ ਨੰਬਰ(ਰਾਂ) ਦਾ ਖੁਲਾਸਾ ਲੋੜੀਂਦਾ ਹੈ (ਦੇਖੋ CDTFA-324-GEN, *ਪਰਦੇਦਾਰੀ ਨੋਟਿਸ*) ਚਾਹੇ ਦਾਅਵੇਦਾਰ CDTFA ਕੋਲ ਪੰਜੀਕਿਰਤ ਨਾ ਵੀ ਹੋਵੇ ਕਿਉਂਕਿ ਅਜਿਹੇ ਮੌਕੇ ਵੀ ਆਉਂਦੇ ਹਨ ਜਿੱਥੇ ਕਿਸੇ ਭੁਗਤਾਨ-ਵਾਪਸੀ ਜਾਂ ਇਸਦੇ ਕਿਸੇ ਭਾਗ ਦਾ ਖੁਲਾਸਾ 'ਇੰਟਰਨਲ ਰੈਵੇਨਿਊ ਸਰਵਿਸ' ਕੋਲ ਕੀਤਾ ਜਾ ਸਕਦਾ ਹੈ। ਜੇ ਦਾਅਵੇਦਾਰ ਕੋਈ ਵਿਆਹੁਤਾ ਜੋੜਾ ਹੈ ਤਾਂ ਪਤੀ ਅਤੇ ਪਤਨੀ ਦੋਨਾਂ ਦੇ ਸੋਸ਼ਲ ਸਕਿਊਰਟੀ ਨੰਬਰ ਦਾਖਲ ਕਰੋ। ਜੇ ਦਾਅਵੇਦਾਰ ਕੋਈ ਭਾਈਵਾਲੀ (partnership) ਹੈ ਤਾਂ ਜਨਰਲ ਪਾਰਟਨਰ(ਰਾਂ) ਅਤੇ ਪਾਰਟਨਰ(ਰਾਂ) ਦੇ ਸੋਸ਼ਲ ਸਕਿਊਰਟੀ ਨੰਬਰ(ਰਾਂ) ਨੂੰ ਦਾਖਲ ਕਰੋ। ਹੋਰ ਸਾਰੇ ਕਾਰੋਬਾਰੀ ਅਦਾਰਿਆਂ ਵਾਸਤੇ ਫੈਡਲਰ ਇਮਪਲੋਇਅਰ ਆਈਡੈਂਟੀਫਿਕੇਸ਼ਨ ਨੰਬਰ ਦਾਖਲ ਕਰੋ।
- **ਭੁਗਤਾਨ-ਵਾਪਸੀ ਦੀ ਰਕਮ:** ਆਪਣੇ ਦਾਅਵੇ ਦੀ ਰਕਮ ਦਾਖਲ ਕਰੋ।
- **ਵੱਧ ਭੁਗਤਾਨ ਦੀ ਕਿਸਮ:** ਇਹ ਦਰਸਾਉਣ ਲਈ ਉਚਿਤ ਬਾਕਸ ਵਿੱਚ ਸਹੀ ਦਾ ਨਿਸ਼ਾਨ ਲਗਾਓ ਕਿ ਕੀ ਤੁਹਾਡਾ ਦਾਅਵਾ ਰਿਟਰਨ ਦਾਇਰ ਕਰਨ ਦੇ ਭੁਗਤਾਨ, ਨਿਰਣਾ/ਬਿਲਿੰਗ ਭੁਗਤਾਨ, ਜਾਂ ਵੱਧ ਭੁਗਤਾਨ ਦੀ ਕਿਸੇ ਹੋਰ ਕਿਸਮ ਵਾਸਤੇ ਹੈ ਅਤੇ ਲਾਗੂ ਹੋਣ ਵਾਲੀਆਂ ਤਾਰੀਖ਼ਾਂ ਦਾਖਲ ਕਰੋ। ਜੇ ਤੁਸੀਂ "ਹੋਰ" ਦੀ ਚੋਣ ਕਰਦੇ ਹੋ ਤਾਂ ਆਪਣੇ ਦਾਅਵੇ ਦੇ ਹਾਲਾਤਾਂ ਦਾ ਪੂਰੀ ਤਰ੍ਹਾਂ ਵਰਣਨ ਕਰੋ।
- **ਭੁਗਤਾਨ-ਵਾਪਸੀ ਲਈ ਆਧਾਰ:** ਦਾਅਵੇ ਵਾਸਤੇ ਆਧਾਰ ਜਾਂ ਕਾਰਨ ਪ੍ਰਦਾਨ ਕਰੋ ਜਾਂ ਉਹਨਾਂ ਹਾਲਾਤਾਂ ਦਾ ਵਰਣਨ ਕਰੋ ਜੋ ਵੱਧ ਭੁਗਤਾਨ ਦਾ ਕਾਰਨ ਬਣੇ।. ਭੁਗਤਾਨ-ਵਾਪਸੀ ਵਾਸਤੇ ਦਾਅਵਿਆਂ 'ਤੇ ਵਿਚਾਰ ਨਹੀਂ ਕੀਤਾ ਜਾ ਸਕਦਾ ਜਦ ਤੱਕ ਇਸ ਫੀਲਡ ਨੂੰ ਭਰਿਆ ਨਹੀਂ ਜਾਂਦਾ।
- **ਕਾਰੋਬਾਰ ਦਾ ਨਾਮ:** ਕਾਰੋਬਾਰ ਦਾ ਨਾਮ ਦਾਖਲ ਕਰੋ।. ਉਦਾਹਰਨ ਲਈ, ਜੇ ਦਾਅਵੇਦਾਰ ਦਾ ਨਾਮ ਜੌਨ ਡੋ ਹੈ ਅਤੇ ਕਾਰੋਬਾਰ ਦਾ ਨਾਮ (dba) XYZ ਆਟੋ ਰਿਪੇਅਰ ਹੈ ਤਾਂ XYZ ਆਟੋ ਰਿਪੇਅਰ ਦਾਖਲ ਕੀਤਾ ਜਾਣਾ ਚਾਹੀਦਾ ਹੈ।
- **ਦਸਤਖਤ ਅਤੇ ਸਿਰਲੇਖ ਜਾਂ ਅਹੁਦਾ:** ਦਾਅਵਾ ਫ਼ਾਰਮ ਤਿਆਰ ਕਰਨ ਵਾਲੇ ਲਈ ਆਪਣੇ ਨਾਮ ਦੇ ਦਸਤਖ਼ਤ ਕਰਨਾ ਲਾਜ਼ਮੀ ਹੈ।. ਤਿਆਰ ਕਰਨ ਵਾਲੇ ਲਈ ਆਪਣਾ ਸਿਰਲੇਖ ਜਾਂ ਅਹੁਦਾ ਸ਼ਾਮਲ ਕਰਨਾ ਵੀ ਲਾਜ਼ਮੀ ਹੈ (ਉਦਾਹਰਨ ਲਈ ਬੁੱਕਕੀਪਰ, ਅਟਾਰਨੀ, ਅਕਾਊਂਟੈਂਟ, ਟੈਕਸਦਾਤਾ, ਆਦਿ)।
- **ਦਸਤਖਤ ਕੀਤੇ ਜਾਣ ਦੀ ਤਾਰੀਖ:** ਦਾਅਵਾ ਫ਼ਾਰਮ ਉੱਤੇ ਦਸਤਖ਼ਤ ਕੀਤੇ ਜਾਣ ਦੀ ਤਾਰੀਖ਼ ਦਾਖਲ ਕਰੋ।
- **ਸੰਪਰਕ ਵਿਅਕਤੀ (ਜੇ ਹਸਤਾਖਰ ਕਰਨ ਵਾਲੇ ਤੋਂ ਬਿਨਾਂ ਕੋਈ ਹੋਰ ਹੈ):** ਜੇ CDTFA ਦੇ ਕੋਈ ਸਵਾਲ ਹੋਣ ਜਾਂ ਉਹਨਾਂ ਨੂੰ ਵਾਧੂ ਜਾਣਕਾਰੀ ਦੀ ਲੋੜ ਪੈਂਦੀ ਹੈ ਤਾਂ ਇਸ ਲਾਈਨ ਨੂੰ ਸੰਪਰਕ ਕਰਨ ਲਈ ਕਿਸੇ ਵਿਅਕਤੀ ਨੂੰ ਮਨੋਨੀਤ ਕਰਨ ਲਈ (ਹਸਤਾਖ਼ਰ ਕਰਨ ਵਾਲੇ ਤੋਂ ਇਲਾਵਾ) ਵਰਤਿਆ ਜਾ ਸਕਦਾ ਹੈ।. ਅਜਿਹੇ ਵਿਅਕਤੀ ਕਰਮਚਾਰੀ, ਸਲਾਹਕਾਰ, ਅਕਾਊਂਟੈਂਟ, ਅਟਾਰਨੀ, ਆਦਿ ਹੋ ਸਕਦੇ ਹਨ, ਜਿਵੇਂ ਟੈਕਸਦਾਤਾ ਜਾਂ ਫੀਸ ਦੇਣ ਵਾਲੇ ਵੱਲੋਂ ਮਨੋਨੀਤ ਕੀਤਾ ਗਿਆ ਹੋਵੇ।
- **ਟੈਲੀਫ਼ੋਨ ਨੰਬਰ:** ਕਿਰਪਾ ਕਰਕੇ ਆਪਣਾ ਟੈਲੀਫ਼ੋਨ ਨੰਬਰ ਸ਼ਾਮਲ ਕਰੋ (ਅਤੇ ਸੰਪਰਕ ਵਿਅਕਤੀ ਦਾ ਟੈਲੀਫ਼ੋਨ ਨੰਬਰ ਵੀ, ਜੇ ਲਾਗੂ ਹੁੰਦਾ ਹੈ)।
- **ਈਮੇਲ:** ਕਿਰਪਾ ਕਰਕੇ ਆਪਣਾ ਈਮੇਲ ਪਤਾ ਸ਼ਾਮਲ ਕਰੋ (ਅਤੇ ਸੰਪਰਕ ਵਿਅਕਤੀ ਦਾ ਈਮੇਲ ਪਤਾ ਵੀ, ਜੇ ਲਾਗੂ ਹੁੰਦਾ ਹੈ)

*ਭੁਗਤਾਨ-ਵਾਪਸੀ ਵਾਸਤੇ ਕੋਈ ਦਾਅਵਾ ਦਾਇਰ ਕਰਨ ਲਈ ਸਮਾਂ-ਮਿਆਦ ਕਈ ਕਾਰਕਾਂ 'ਤੇ ਨਿਰਭਰ ਕਰਨ ਅਨੁਸਾਰ ਵੱਖ-ਵੱਖ ਹੋਵੇਗੀ, ਖਾਸ ਕਰਕੇ ਵੱਧ ਭੁਗਤਾਨ ਕਰਨ ਦੀ ਕਿਸਮ ਅਤੇ ਉਸ ਟੈਕਸ ਜਾਂ ਫੀਸ ਪ੍ਰੋਗਰਾਮ 'ਤੇ ਜਿਸ ਵਾਸਤੇ ਤੁਸੀਂ ਭੁਗਤਾਨ-ਵਾਪਸੀ ਲਈ ਦਾਅਵਾ ਦਾਇਰ ਕਰ ਰਹੇ ਹੋ। ਕਿਰਪਾ ਕਰਕੇ ਉਸ ਵਿਸ਼ੇਸ਼ ਟੈਕਸ ਜਾਂ ਫੀਸ ਪ੍ਰੋਗਰਾਮ ਵਾਸਤੇ ਉਚਿਤ ਕਨੂੰਨ ਅਤੇ ਅਧਿਨਿਯਮਾਂ ਦੀ ਜਾਂਚ ਕਰੋ ਜਿਨ੍ਹਾਂ ਵਾਸਤੇ ਤੁਸੀਂ ਕੋਈ ਦਾਅਵਾ ਦਾਇਰ ਕਰ ਰਹੇ ਹੋ। ਤੁਸੀਂ ਉੱਪਰ ਹਵਾਲਾ ਦਿੱਤੀਆਂ ਪ੍ਰਕਾਸ਼ਨਾਵਾਂ 117 ਜਾਂ 17 ਨੂੰ ਵੀ ਦੇਖ ਸਕਦੇ ਹੋ।